ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026
ISSN: 2583-9446 (O)
Paper Published Id: ARMN040117
Available online at: www.armaan.org.in
DOI: https://doi.org/10.64119/armaan.vol4.issue1.17

# ਔਰਤ ਦੀ ਤ੍ਰਾਸਦਿਕ ਸਥਿਤੀ ਅਤੇ ਰਿਸ਼ਤਾ ਨਾਤਾ ਪ੍ਰਬੰਧ ਦੀ ਪੇਸ਼ਕਾਰੀ: 'ਪੀਂਘ' ਦੇ ਸੰਦਰਭ ਵਿੱਚ

## Aurat Di Trasadik Sthiti Ate Rishta-Nata Prabandh Di Peshkari: 'Peengh' De Sandarbh Vich

**ਰਾਣੀ ਦੇਵੀ (Rani devi)**
ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. of Punjabi)
ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ (ਹਰਿਆਣਾ)
Email ID: ranikamboj86955@gmail.com ਮੋਬਾਈਲ: +91-72062-86955

**ਸਾਰ (Abstract)**

*ਸਮਾਜਿਕ ਵਿਕਾਸ ਦੇ ਇਤਿਹਾਸ ਵਿੱਚ ਮਰਦ ਅਤੇ ਔਰਤ ਦੋ ਬਰਾਬਰ ਦੀਆਂ ਇਕਾਈਆਂ ਹੋਣ ਦੇ ਬਾਵਜੂਦ, ਪਿਤ੍ਰ-ਸੱਤਾਤਮਕ (Patriarchal) ਪ੍ਰਬੰਧ ਨੇ ਹਮੇਸ਼ਾ ਨਾਰੀ ਦੀਆਂ ਨਿੱਜੀ ਇੱਛਾਵਾਂ ਅਤੇ ਜਜ਼ਬਾਤਾਂ ਨੂੰ ਹਾਸ਼ੀਏ 'ਤੇ ਰੱਖਿਆ ਹੈ। ਰਿਸ਼ਤਿਆਂ ਦਾ ਜਟਿਲ ਤਾਣਾ-ਬਾਣਾ ਜਿੱਥੇ ਔਰਤ ਨੂੰ ਸੁਰੱਖਿਆ ਦਾ ਭੁਲੇਖਾ ਪਾਉਂਦਾ ਹੈ, ਉੱਥੇ ਹੀ ਉਹ ਉਸ ਲਈ ਮਾਨਸਿਕ ਸੰਤਾਪ ਅਤੇ ਲਿੰਗਕ ਅਸਮਾਨਤਾ ਦਾ ਕਾਰਨ ਵੀ ਬਣਦਾ ਹੈ। ਪ੍ਰਸਤੁਤ ਖੋਜ-ਪੱਤਰ ਪਾਲ ਕੌਰ ਦੇ ਕਾਵਿ-ਸੰਗ੍ਰਹਿ 'ਪੀਂਘ' ਨੂੰ ਆਧਾਰ ਬਣਾ ਕੇ ਸਮਾਜਿਕ ਰਿਸ਼ਤਾ-ਨਾਤਾ ਪ੍ਰਬੰਧ ਵਿੱਚ ਔਰਤ ਦੀ ਹੋਂਦ ਨਾਲ ਜੁੜੇ ਤ੍ਰਾਸਦਿਕ ਅਤੇ ਜਟਿਲ ਪਹਿਲੂਆਂ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਅਧਿਐਨ ਰਾਹੀਂ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਮਾਂ, ਧੀ ਅਤੇ ਪਤਨੀ ਵਰਗੇ ਪਵਿੱਤਰ ਰਿਸ਼ਤਿਆਂ ਦੇ ਅੰਦਰੂਨੀ ਘੇਰੇ ਵਿੱਚ ਵਿਚਰਦਿਆਂ, ਮਰਦ ਦੀ ਨੈਤਿਕ ਥਿੜਕਣ ਅਤੇ ਬੇਰੁਖੀ ਕਿਸ ਤਰ੍ਹਾਂ ਔਰਤ ਦੀ ਸ਼ਖ਼ਸੀਅਤ ਦਾ ਵਿਘਟਨ ਕਰਦੀ ਹੈ। ਇਹ ਖੋਜ-ਪੱਤਰ ਰਿਸ਼ਤਿਆਂ ਦੀ ਉਸ ਬਾਹਰੀ ਨਿੱਘ ਦੇ ਪਿੱਛੇ ਛਿਪੇ ਯਥਾਰਥ ਨੂੰ ਉਘਾੜਦਾ ਹੈ, ਜੋ ਨਿਰੰਤਰ ਨਾਰੀ ਹੋਂਦ ਨੂੰ ਖੋਰਾ ਲਾ ਰਹੇ ਹਨ।*

*ਕੀਵਰਡ (Keyword): ਪਿਤ੍ਰ-ਸੱਤਾਤਮਕ ਮਾਨਸਿਕਤਾ, ਨਾਰੀ-ਚੇਤਨਾ, ਹੋਂਦ ਦਾ ਸੰਕਟ, ਅਣਚਾਹੀ-ਹੋਂਦ, ਵਿਦਰੋਹੀ-ਸੁਰ।*

ਮਨੁੱਖੀ ਜ਼ਿੰਦਗੀ ਦੇ ਸਫ਼ਰ ਨੂੰ ਅਕਸਰ ਇੱਕ ਗੱਡੀ ਨਾਲ ਤੁਲਨਾਇਆ ਜਾਂਦਾ ਹੈ ਜਿਸ ਦੇ ਦੋ ਪਹੀਏ ਔਰਤ ਅਤੇ ਮਰਦ ਹਨ। ਇਸ ਦ੍ਰਿਸ਼ਟੀਕੋਣ ਅਨੁਸਾਰ, ਸੁਚਾਰੂ ਸਮਾਜਿਕ ਪ੍ਰਗਤੀ ਲਈ ਦੋਵਾਂ ਧਿਰਾਂ ਦਾ ਆਪੋ-ਆਪਣੇ ਕਰਤੱਵਾਂ ਦਾ ਸੁੱਚਜਾ ਨਿਭਾਅ ਅਤਿ ਜ਼ਰੂਰੀ ਹੈ ਪਰੰਤੂ ਭਾਰਤੀ ਸਮਾਜ ਦੇ ਇਤਿਹਾਸਕ ਸੰਦਰਭ ਵਿੱਚ ਔਰਤ ਦੀ ਸਥਿਤੀ ਅਕਸਰ ਚਿੰਤਾਂ ਦਾ ਵਿਸ਼ਾ ਰਹੀ ਹੈ ਜੋ ਕਿ ਪ੍ਰਾਚੀਨ ਕਾਲ ਤੋਂ ਵਰਤਮਾਨ ਤੱਕ ਵੱਖ-ਵੱਖ ਯੁੱਗਾਂ ਵਿੱਚ ਪ੍ਰਤੱਖ ਹੈ। ਸਾਡਾ ਸਮਾਜਿਕ ਢਾਂਚਾ ਇਸ ਪ੍ਰਕਾਰ ਵਿਕਸਤ ਹੋਇਆ ਹੈ ਕਿ ਔਰਤ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਲੰਬੇ ਸਮੇਂ ਤੋਂ ਦਬਾਇਆ ਜਾਂਦਾ ਰਿਹਾ ਹੈ। ਇਨ੍ਹਾਂ ਸਮਾਜਿਕ ਬੰਧਨਾਂ ਨੇ ਔਰਤ ਦੀ ਅਸਮਾਨਤਾ ਨੂੰ ਹੋਰ ਵਧਾਇਆਂ ਹੈ, ਜਿਸ ਦੇ ਫ਼ਲਸਰੂਪ ਉਸ ਨੂੰ ਸਮਾਜ ਵਿੱਚ ਆਪਣੀ ਪੂਰੀ ਸਮਰੱਥਾ ਅਨੁਸਾਰ ਵਿਚਰਨ ਦਾ ਅਵਸਰ ਪ੍ਰਾਪਤ ਨਹੀਂ ਹੋਇਆ। ਉਸ ਦੇ ਜੀਵਨ ਦੇ ਅਨੇਕਾਂ ਫੈਸਲੇ ਮਰਦ-ਪ੍ਰਧਾਨ ਪ੍ਰਣਾਲੀ ਦੇ ਅਧੀਨ ਰਹੇ ਹਨ। ਇਸ ਸੰਦਰਭ ਵਿੱਚ ਡਾ. ਪਾਲ ਕੌਰ ਦਾ ਕਾਵਿ-ਸੰਗ੍ਰਹਿ *'ਪੀਂਘ'* ਵਿਸ਼ੇਸ਼ ਮਹੱਤਵ ਰੱਖਦਾ ਹੈ। ਉਹ ਆਪਣੀ ਕਾਵਿ ਰਚਨਾ ਰਾਹੀਂ ਨਾਰੀ ਦੁਆਰਾ ਭੋਗੀ ਜਾ ਰਹੀ ਤ੍ਰਾਸਦਿਕ-ਜ਼ਿੰਦਗੀ ਨੂੰ ਬਹੁਤ ਸੂਖ਼ਮਤਾ ਨਾਲ ਪੇਸ਼ ਕਰਦੀ ਹੈ ਅਤੇ ਉਸ ਨੂੰ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਕਰਨ ਦਾ ਯਤਨ ਕਰਦੀ ਹੈ ।

ਨਵੀਂ ਪੰਜਾਬੀ ਕਵਿਤਾ ਸਮਾਜਿਕ ਰਿਸ਼ਤਿਆਂ ਦੇ ਨਵੀਨ ਅਤੇ ਯਥਾਰਥਵਾਦੀ ਚਿਤਰਣ ਲਈ ਜਾਣੀ ਜਾਂਦੀ ਹੈ। ਇਹ ਸਮਾਜਿਕ ਰਿਸ਼ਤੇ ਜਿੱਥੇ ਇਕ ਪਾਸੇ ਵਿਅਕਤੀ ਨੂੰ ਪਰਿਵਾਰਕ-ਸਾਂਝ, ਘਰੇਲੂ-ਸੁਰੱਖਿਆ ਅਤੇ ਭਾਵਨਾਤਮਕ ਨਿੱਘ ਪ੍ਰਦਾਨ ਕਰਦੇ ਹਨ ਦੂਜੇ ਪਾਸੇ ਉਸ ਨੂੰ ਇਨ੍ਹਾਂ ਅੰਦਰ ਨਿਹਿਤ ਅੰਤਰ-ਵਿਰੋਧਾਂ ਅਤੇ ਤਣਾਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਸੰਦਰਭ ਵਿੱਚ ਨਾਰੀ ਦੀ ਸਥਿਤੀ ਵਿਸ਼ੇਸ਼ ਤੌਰ 'ਤੇ ਗੌਰ ਕਰਨ ਯੋਗ ਹੈ। ਜੋ ਇਨ੍ਹਾਂ ਰਿਸ਼ਤਿਆਂ ਦੇ ਬੰਧਨਾਂ ਨੂੰ ਸਵੀਕਾਰ ਕਰਦੀ ਹੋਈ ਉਨ੍ਹਾਂ ਦੇ ਸੁੱਖ-ਦੁੱਖ ਨੂੰ ਭੋਗਦੀ ਹੈ ਪਰ ਆਪਣੀ ਪੀੜ ਨੂੰ ਅਕਸਰ ਦਬਾਈ ਰੱਖਦੀ ਹੈ। ਕਵਿਤਾ *'ਮੇਰਾ ਸਿਬਲੀ'* ਇਸੇ ਯਥਾਰਥ ਨੂੰ ਬਾਖੂਬੀ ਪੇਸ਼ ਕਰਦੀ ਹੈ ਜਿੱਥੇ ਮਰਦ ਦੇ ਪੈਰਾਂ ਦੀ ਥਿੜਕਣ ਨੂੰ ਦਰਸਾਇਆ ਗਿਆ ਹੈ। ਜਿਸ ਦੇ ਪਰਿਣਾਮ ਸਰੂਪ ਉਪਜੇ ਸੰਕਟ ਦਾ ਸਿੱਧਾ ਅਤੇ ਪ੍ਰਤੱਖ ਪ੍ਰਭਾਵ ਨਾਰੀ ਨੂੰ ਹੀ ਭੋਗਣਾ ਪੈਂਦਾ ਹੈ। ਇਹ ਕਵਿਤਾ ਸਮਾਜਿਕ ਰਿਸ਼ਤਿਆਂ ਦੀ ਜਟਿਲਤਾ ਅਤੇ ਨਾਰੀ ਦੀ ਚੁੱਪ-ਚਾਪ ਸਹਿਣਸ਼ੀਲਤਾ ਨੂੰ ਦਰਸਾਉਂਦੀ ਹੈ:

*ਉਹ ਜਿਸਨੇ ਦੁਆਉਣਾ ਸੀ ਮੈਨੂੰ ਮੇਰਾ ਯਕੀਨ......*
*ਥਿੜਕ ਗਿਆ*
*ਇਕ ਚੁਗਲੀ ਨਾਲ ਹੀ*
*ਉਤਰ ਗਿਆ ਦਲਦਲ 'ਚ*
*ਤੇ ਸੁੱਟਣ ਲੱਗਾ ਬੁੱਕ ਭਰ-ਭਰ*
*ਮੇਰੇ ਉੱਪਰ*
*ਸ਼ੁਕਰਗੁਜ਼ਾਰ ਹਾਂ ਪਰ ਉਸ ਦੀ*
*ਕਿ ਮਾਰ ਕੇ ਪੱਥਰ ਉਸ ਨੇ*
*ਕਰ ਦਿੱਤਾ ਏ,*
*ਫੁੱਲਾ ਦੇ ਮੋਹ ਤੋਂ ਮੁਕਤ।* [1]

ਨਾਰੀ ਦੀ ਸਥਿਤੀ ਭਾਰਤੀ ਸਮਾਜ ਅੰਦਰ ਲੰਮੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਰਹੀ ਹੈ। ਜਿੱਥੇ ਉਸ ਨੂੰ ਜਨਮ ਤੋਂ ਹੀ ਲਿੰਗਕ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ ਇਹ ਭੇਦਭਾਵ ਉਸ ਦੇ ਸਮੁੱਚੇ ਜੀਵਨ-ਕਾਲ ਦੌਰਾਨ ਫੈਲਿਆ ਹੋਇਆ ਹੈ। ਇਸ ਵਿਤਕਰੇ ਦੇ ਤਹਿਤ ਉਸ ਦੇ ਜੰਮਣ ਤੇ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ ਅਤੇ ਉਸ ਨੂੰ ਹਰ ਕਦਮ ਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਜੇ ਪਾਸੇ ਪੁੱਤਰਾਂ ਨੂੰ ਬਿਹਤਰ ਪੋਸ਼ਣ, ਪਹਿਰਾਵਾ ਅਤੇ ਇੱਕ ਖੁਸ਼ਹਾਲ ਵਾਤਾਵਰਣ ਪ੍ਰਦਾਨ ਕੀਤਾ ਜਾਂਦਾ

ਹੈ। ਇਸ ਪਿੱਛੇ ਇਹ ਮਾਨਤਾ ਕੰਮ ਕਰਦੀ ਹੈ ਕਿ ਪੁੱਤਰਾਂ ਨੇ ਵੰਸ਼ ਨੂੰ ਅੱਗੇ ਤੋਰਨਾ ਹੈ ਅਤੇ ਪਰਿਵਾਰ ਦੀ ਆਰਥਿਕ ਖੁਸ਼ਹਾਲੀ ਵਿੱਚ ਵਾਧਾ ਕਰਨਾ ਹੈ। ਨਤੀਜੇ ਵਜੋਂ ਪੁੱਤਰਾਂ ਨੂੰ ਖੇਡਣ-ਕੁੱਦਣ ਅਤੇ ਵਿਕਾਸ ਦੇ ਕਈ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ । ਇਸਦੇ ਉਲਟ ਕੁੜੀਆਂ ਨੂੰ ਘਰ ਦੀ ਇੱਜ਼ਤ ਦੇ ਨਾਂ 'ਤੇ ਘਰ ਦੀ ਚਾਰ-ਦੀਵਾਰੀ ਅੰਦਰ ਕੈਦ ਕਰ ਦਿੱਤਾ ਜਾਂਦਾ ਹੈ। ਜਿਸ ਕਾਰਨ ਉਸ ਦਾ ਬੌਧਿਕ ਵਿਕਾਸ ਰੁਕ ਜਾਂਦਾ ਹੈ। ਇਹ ਸਥਿਤੀ ਨਾਰੀ ਦੇ ਮਰਦ ਨਾਲੋਂ ਪਿੱਛੜ ਜਾਣ ਦਾ ਇੱਕ ਪ੍ਰਮੁੱਖ ਕਾਰਨ ਬਣਦੀ ਹੈ। ਭਾਵੇਂ ਅਜੋਕੇ ਸਮਾਜ ਅੰਦਰ ਬਹੁਤ ਕੁਝ ਪਰਿਵਰਤਿਤ ਹੋ ਗਿਆ ਹੈ ਜਿਸ ਨਾਲ ਨਾਰੀ ਦੀ ਸਥਿਤੀ ਅੰਦਰ ਕੁਝ ਸਕਾਰਾਤਮਕ ਸੁਧਾਰ ਹੋਏ ਹਨ ਪਰ ਮਰਦ ਸਾਹਮਣੇ ਨਾਰੀ ਅਜੇ ਵੀ ਨਿਗੁਣੀ ਪ੍ਰਤੀਤ ਹੁੰਦੀ ਹੈ। ਇਸ ਪੱਖ ਨੂੰ ਕਵਿਤ੍ਰੀ ਨੇ ਆਪਣੀਆ ਨਜ਼ਮਾਂ ਵਿੱਚ ਇਸ ਗੰਭੀਰ ਅਤੇ ਬਾਖੂਬ ਪੇਸ਼ ਕੀਤਾ ਹੈ। ਉਹ ਆਪਣੀ ਨਜ਼ਮ *'ਖ਼ਜਾਨਾ'* ਵਿੱਚ ਲਿਖਦੀ ਹੈ ਕਿ :

*ਤਾਂ ਚੂੜੀਆਂ ਦੇ ਟੋਟੇ*
*ਕੋਈ ਸ਼ੀਸ਼ੇ ਦਾ ਟੁਕੜਾ*
*ਕੋਈ ਕੌਡੀ*
*ਕੋਈ ਪੈਸਾ ਮੋਰੀ ਵਾਲਾ-*
*ਚੁੰਨੀ ਦੇ ਲੜ ਬੱਝਾ*
*ਹੁੰਦਾ ਸੀ ਖ਼ਜ਼ਾਨਾ ਮੇਰਾ* [2]

ਨਾਰੀ ਦਾ ਜੀਵਨ ਚੱਕਰ ਵੱਖ-ਵੱਖ ਰਿਸ਼ਤਿਆਂ ਨਾਲ ਜੁੜਿਆ ਹੋਇਆ ਹੈ ਜਿੱਥੇ ਉਹ ਧੀ, ਭੈਣ, ਪਤਨੀ ਅਤੇ ਮਾਂ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਂਦੀ ਹੈ। ਇਨ੍ਹਾਂ ਸਾਰੇ ਰਿਸ਼ਤਿਆਂ ਵਿੱਚ ਜਿੱਥੇ ਉਹ ਪ੍ਰੇਮ ਦਾ ਨਿੱਘ ਭਾਲਦੀ ਹੈ ਉੱਥੇ ਹੀ ਉਸ ਨੂੰ ਨਾਰੀ ਹੋਣ ਦੇ ਸੰਤਾਪ ਨੂੰ ਅਨੁਭਵ ਕਰਨਾ ਪੈਂਦਾ ਹੈ, ਜੋ ਕਿ ਲਿੰਗ-ਭੇਦਭਾਵ ਅਤੇ ਸਮਾਜਿਕ ਬੰਦਿਸ਼ਾਂ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਮਾਤਾ-ਪਿਤਾ, ਭਰਾ ਅਤੇ ਪਤੀ ਵਰਗੇ ਸਮਾਜਿਕ ਰਿਸ਼ਤੇ ਜੋ ਕਿ ਸਮਾਜਿਕ ਢਾਂਚੇ ਦਾ ਅਨਿਖੱੜਵਾਂ ਅੰਗ ਹਨ ਅਕਸਰ ਨਾਰੀ ਦੇ ਪੈਰਾਂ ਵਿੱਚ ਬੇੜੀਆਂ ਬਣ ਜਾਂਦੇ ਹਨ। ਇਨ੍ਹਾਂ ਬੇੜੀਆਂ ਵਿੱਚ ਬੱਝ ਕੇ ਨਾਰੀ ਆਪਣੀ ਜ਼ਿੰਦਗੀ ਦੀ ਪਤੰਗ ਨੂੰ ਉੱਚਾ ਉਡਾਉਣ ਵਿੱਚ ਅਸਮਰੱਥ ਮਹਿਸੂਸ ਕਰਦੀ ਹੈ ਅਤੇ ਉਸ ਦੀ ਸਵੈ-ਹੋਂਦ ਗੁਆਚ ਜਾਂਦੀ ਹੈ।

ਕਵਿਤਾ *'ਹਵਾ ਦਾ ਬੁੱਲਾ'* ਨਾਰੀ ਨੂੰ ਚੇਤਨਤਾ ਪ੍ਰਦਾਨ ਕਰਦੀ ਹੋਈ ਇਹ ਅਹਿਸਾਸ ਕਰਵਾਉਂਦੀ ਹੈ ਕਿ ਸਮਾਜ ਵਿੱਚ ਉਸ ਦੀ ਵੀ ਇੱਕ ਨਿੱਜੀ ਅਤੇ ਸੁਤੰਤਰ ਹੋਂਦ ਹੈ। ਇਹ ਕਵਿਤਾ ਨਾਰੀ ਨੂੰ ਸਮਾਜਿਕ ਬੰਦਿਸ਼ਾਂ ਤੋਂ ਮੁਕਤ ਹੋ ਕੇ ਆਪਣੀ ਪਛਾਣ ਬਣਾਉਣ ਲਈ ਪ੍ਰੇਰਿਤ ਕਰਦੀ ਹੈ,ਜਿਵੇਂ ਕਿ:

*ਘੁੱਟ ਕੇ ਫੜੀ ਡੋਰ ਨਾਲ-*
*ਪਰ ਜਾਣਦੀ*
*ਉੱਡੇਗੀ ਪਤੰਗ ਉਸ ਦੀ ਵੀ*
*ਇੱਕ ਦਿਨ ਡੋਰ ਬਿਨਾਂ।* [3]

ਕਵਿੱਤਰੀ ਆਪਣੀ ਕਵਿਤਾ ਰਾਹੀਂ ਨਾਰੀ ਨੂੰ ਸਮਾਜਿਕ ਰੂੜੀਵਾਦੀ ਢਾਂਚਿਆਂ ਵਿਰੁੱਧ ਕ੍ਰਾਂਤੀ ਦਾ ਮਾਰਗ ਅਪਣਾਉਣ ਲਈ ਪ੍ਰੇਰਿਤ ਕਰਦੀ ਹੈ। ਉਹ ਇਹ ਆਸ ਪ੍ਰਗਟ ਕਰਦੀ ਹੈ ਕਿ ਸੰਘਰਸਸ਼ੀਲ ਨਾਰੀ ਇੱਕ ਦਿਨ ਖੁੱਲੀਆਂ ਅਤੇ ਉੱਚੀਆਂ ਹਵਾਵਾਂ ਵਿੱਚ ਬਿਨਾਂ ਕਿਸੇ ਡੋਰ ਦੇ ਪਤੰਗ ਵਾਂਗ ਉਡਾਣ ਭਰੇਗੀ। ਇਸ ਦਾ ਭਾਵ ਇਹ ਹੈ ਕਿ ਨਾਰੀ ਬਿਨਾਂ ਕਿਸੇ ਸਹਾਰੇ ਜਾਂ ਨਿਰਭਰਤਾ ਦੇ ਆਪਣੀ ਜ਼ਿੰਦਗੀ ਦੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਆਪਣਾ ਰਾਹ ਖੁਦ ਚੁਣੇਗੀ ਅਤੇ ਨਿਰਧਾਰਤ ਕਰੇਗੀ। ਇਹ ਨਾਰੀ ਦੀ ਸੁਤੰਤਰਤਾ ਅਤੇ ਸਵੈ-ਨਿਰਭਰਤਾ ਦੀ ਪ੍ਰਬਲ ਇੱਛਾ ਨੂੰ ਦਰਸਾਉਂਦਾ ਹੈ।

ਦੂਜੇ ਪਾਸੇ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਂਦੇ ਹੋਏ ਨਾਰੀ ਅਕਸਰ ਉਨਾਂ ਰਿਸ਼ਤਿਆਂ ਵਿਚੋਂ ਨਿੱਘ ਅਤੇ ਸਨੇਹ ਦੀ ਭਾਲ ਕਰਦੀ ਹੈ ਜੋ ਉਸ ਦੇ ਹਿੱਸੇ ਕਦੇ ਵੀ ਨਹੀਂ ਆਉਂਦੇ। ਉਸ ਨੂੰ ਆਪਣੇ ਹੀ ਕਰੀਬੀਆਂ ਹੱਥੋਂ ਅਪਮਾਨ ਅਤੇ ਠੋਕਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਾਰਨ ਉਹ ਵਾਰ-ਵਾਰ ਨਿਰਾਸ਼ ਹੋ ਕੇ ਡਿੱਗਦੀ ਰਹਿੰਦੀ ਹੈ। ਇਸ ਲਗਾਤਾਰ ਦੀ ਨਿਰਾਸ਼ਾ ਕਾਰਨ ਉਹ ਆਪਣੇ ਬਾਰੇ ਕੁੱਝ ਗਲਤ ਧਾਰਨਾਵਾਂ ਬਣਾ ਲੈਂਦੀ ਹੈ ਜਿਵੇਂ ਕਿ ਸ਼ਾਇਦ ਉਸ ਨੂੰ ਪਿਆਰ ਜਾਂ ਰਿਸ਼ਤਿਆਂ ਦੇ ਨਿੱਘ ਦੀ ਸਮਝ ਨਹੀਂ ਜਾਂ ਫਿਰ ਉਹ ਇਸ ਦੇ ਕਾਬਿਲ ਹੀ ਨਹੀਂ। ਡਾ. ਪਾਲ ਕੌਰ ਨੇ ਨਾਰੀ ਦੀ ਇਸ ਦੁਖਦਾਈ ਸਥਿਤੀ ਨੂੰ ਆਪਣੀ ਕਵਿਤਾ *'ਹਾਂ ਸੋ ਹਾਂ'* ਵਿੱਚ ਬਾਖੂਬੀ ਪੇਸ਼ ਕੀਤਾ ਹੈ ਜੋ ਨਾਰੀ ਦੇ ਅੰਦਰੂਨੀ ਸੰਘਰਸ਼ ਅਤੇ ਸਮਾਜਿਕ ਅਵਹੇਲਨਾ ਨੂੰ ਉਜਾਗਰ ਕਰਦੀ ਹੈ:

*ਠੀਕ ਆਖਿਆ ਸੀ ਕਿਸੇ*
*ਮੈਨੂੰ ਨਹੀਂ ਸਮਝ ਆਉਂਦਾ ਪਿਆਰ।*
*ਸਮਝਣ ਲਈ,*
*ਬਹਿਣਾ ਪੈਂਦਾ ਏ ਕਿਨਾਰੇ*
*ਪਰ ਕਿਨਾਰੇ ਖਲੋਂਦਿਆਂ ਹੀ*
*ਉਠਦੀ ਏ ਲਹਿਰ ਮੇਰੇ ਅੰਦਰੋਂ*
*ਤੇ ਮਾਰ ਦੇਂਦੀ ਹਾਂ ਛਾਲ*
*ਫਿਰ ਤਾਂ ਦਰਿਆ ਹੀ ਜਾਣੇ ਹਾਲ-ਹਵਾਲ।* [4]

ਇਥੇ ਨਾਰੀ ਦੀ ਸਮਾਜਿਕ ਰਸ਼ਤਿਆਂ ਵਿੱਚ ਨਾਜ਼ੁਕ ਸਥਿਤੀ ਨੂੰ ਬਿਆਨ ਕੀਤਾ ਹੈ। ਉਸ ਦੀ ਹੋਂਦ ਨੂੰ ਇੱਕ ਮੱਛੀ ਦੇ ਰੂਪਕ ਰਾਹੀਂ ਦਰਸਾਇਆ ਗਿਆ ਹੈ। ਇਹ ਰੂਪਕ ਇਸ ਵਿਚਾਰ ਨੂੰ ਪ੍ਰਬਲ ਕਰਦਾ ਹੈ ਕਿ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਜਿਉਂਦੀ ਨਹੀਂ ਰਹਿ ਸਕਦੀ ਉਸੇ ਤਰ੍ਹਾਂ ਨਾਰੀ ਵੀ ਪਿਆਰ, ਅਹਿਸਾਸ ਅਤੇ ਅਪਣੱਤਵ ਦੀ ਨਿੱਘ ਤੋਂ ਬਿਨਾਂ ਸਮਾਜਿਕ ਵਾਤਾਵਰਣ ਵਿੱਚ ਘੁੱਟਣ ਮਹਿਸੂਸ ਕਰਦੀ ਹੈ। ਪਾਠ ਵਿੱਚ ਵਰਤਿਆ ਗਿਆ ਖੁਸ਼ਕ ਰੇਤ ਦਾ ਬਿੰਬ ਸਮਾਜਿਕ ਬੰਧਨਾਂ ਦੀ ਅਣਮਨੁੱਖੀ ਅਤੇ ਜੀਵਨ-ਰਹਿਤ ਪ੍ਰਕਿਰਤੀ ਨੂੰ ਉਜਾਗਰ ਕਰਦਾ ਹੈ ਜੋ ਨਾਰੀ ਦੀ ਸਵੈ-ਸਿੱਧੀ ਅਤੇ ਭਾਵਨਾਤਮਕ ਪੂਰਤੀ ਲਈ ਪ੍ਰਤੀਕੂਲ ਹਨ।

ਕਵਿੱਤਰੀ ਸਮਾਜਕ ਰਿਸ਼ਤਿਆਂ 'ਤੇ ਵਿਅੰਗ ਕਰਦੀ ਹੋਈ ਕਹਿੰਦੀ ਹੈ ਕਿ ਇਹੇ ਰਿਸ਼ਤੇ ਜੋ ਪਰੰਪਰਾਗਤ ਤੌਰ 'ਤੇ ਸੁਰੱਖਿਆ ਅਤੇ ਪਾਲਣ-ਪੋਸ਼ਣ ਦੇ ਸਰੋਤ ਮੰਨੇ ਜਾਂਦੇ ਹਨ, ਇੱਥੇ ਨਾਰੀ ਨੂੰ ਮਛਲੀ ਵਰਗਾ ਜੀਵਨ ਜਿਉਣ ਲਈ ਮਜ਼ਬੂਰ ਕਰਨ ਵਾਲੇ ਕਾਰਕਾਂ ਵਜੋਂ ਪੇਸ਼ ਹੋਏ ਹਨ। ਇਹ ਰਿਸ਼ਤੇ ਨਾਰੀ ਨੂੰ ਉਸ ਦੇ ਸਬਲ ਸੁਭਾਅ ਅਤੇ ਇੱਛਾਵਾਂ ਤੋਂ ਦੂਰ ਕਰਕੇ ਉਸ ਨੂੰ ਇਕ ਅਜਿਹੇ ਵਾਤਾਵਰਣ ਵਿੱਚ ਬੰਨ੍ਹ ਦਿੰਦੇ ਹਨ ਜਿੱਥੇ ਉਸ ਦੀ ਭਾਵਨਾਤਮਕ ਅਤੇ ਮਾਨਸਿਕ ਤੰਦਰੁਸਤੀ ਲਗਾਤਾਰ ਖ਼ਤਰੇ ਵਿੱਚ ਰਹਿੰਦੀ ਹੈ। ਸਮਾਜਿਕ ਢਾਂਚਿਆਂ ਵਿੱਚ ਨਾਰੀ ਦੀ ਅਸਮਰੱਥ ਸਥਿਤੀ ਨੂੰ ਦਰਸਾਇਆ ਹੈ ਅਤੇ ਉਸ ਦੀਆਂ ਅੰਦਰੂਨੀ ਲੋੜਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਸਮਾਜ ਦੀ ਅਸਫਲਤਾ 'ਤੇ ਜ਼ੋਰ ਦਿੱਤਾ ਗਿਆ ਹੈ :

*ਬਰੇਤਿਆ ਤੇ ਨਹੀਂ ਜੀ ਸਕਦੀ ਮਛਲੀ ਕੁਝ ਪਲਾਂ ਤੋਂ ਜ਼ਿਆਦਾ*
*ਜੀਣ ਵਾਸਤੇ ਉਸ ਉਤਰਨਾ ਹੀ ਹੁੰਦਾ ਏ ਪਾਣੀਆਂ ਵਿੱਚ*
*ਪਰ ਕੌਣ ਨੇ ਜੋ ਮਛਲੀ ਨੂੰ ਪਾ ਦੇਂਦੇ ਨਕਲੀ ਪਾਣੀਆਂ ਵਿੱਚ ?* [5]

ਨਾਰੀ ਦੇ ਜੀਵਨ ਵਿੱਚ ਸੰਘਰਸ਼ ਇਕ ਅਟਲ ਯਥਾਰਥ ਹੈ ਜਿਸ ਦੇ ਰੂਪ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਵੱਖੋ-ਵੱਖਰੇ ਹਨ। ਨਾਰੀ ਇਕ ਸਮਾਜਿਕ ਇਕਾਈ ਹੋਣ ਦੇ ਨਾਤੇ ਕਦੇ ਵੀ ਆਪਣੇ ਆਪ ਨੂੰ ਸਮਾਜਿਕ ਸੰਰਚਨਾ ਅਤੇ ਸੰਸਾਰਿਕ ਬੰਧਨਾਂ ਤੋਂ ਪੂਰੀ ਤਰ੍ਹਾਂ ਅਜ਼ਾਦ ਨਹੀਂ ਕਰ ਸਕਦੀ। ਉਸ ਦਾ ਜੀਵਨ ਅਕਸਰ ਪਿਤ੍ਰ-ਸੱਤਾਤਮਕ ਸੰਰਚਨਾ ਦੇ ਅਧੀਨ ਰਹਿੰਦਾ ਹੈ ਇਸ ਪ੍ਰਕਾਰ ਦੀ ਅਧੀਨਤਾ ਨਾਰੀ ਦੇ ਅਸਤਿੱਤਵ ਦੀ ਗ਼ੁਲਾਮੀ ਵਿੱਚ ਪਰਿਵਰਤਿਤ ਹੋ ਜਾਂਦੀ ਹੈ ਜਿਸ ਵਿੱਚ ਉਹ ਆਪਣੀ ਅੰਤਰ ਆਤਮਾ ਦੀ ਆਜ਼ਾਦੀ ਤੋਂ ਵੀ ਵੰਚਿਤ ਰਹਿੰਦੀ ਹੈ। ਬਹੁਤ ਵਾਰ ਚਾਹੇ ਉਸ ਵਿੱਚ ਵਿਦਰੋਹੀ ਭਾਵਨਾ ਹੋਵੇਂ ਤਾਂ ਵੀ ਸਮਾਜਿਕ ਦਬਾਅ ਅਤੇ ਸੰਸਕਾਰਕ ਨੀਤੀਆਂ ਦੇ ਚਲਦੇ ਉਹ ਖੁਲ ਕੇ ਵਿਰੋਧ ਨਹੀਂ ਕਰ ਸਕਦੀ। ਇਸ ਸੰਕਟ ਨੂੰ ਕਵਿੱਤਰੀ ਨੇ ਆਪਣੀ ਕਵਿਤਾ *'ਦਹਿਲੀਜ਼ ਦੇ ਇਸ ਪਾਰ'* ਵਿੱਚ ਸੰਵੇਦਨਾਤਮਕ ਢੰਗ ਨਾਲ ਪ੍ਰਗਟ ਕੀਤਾ ਹੈ ਜਿੱਥੇ ਨਾਰੀ ਦੀ ਅਵਾਜ਼ ਨਮੋਸ਼ੀ ਅਤੇ ਅਣਸੁਣੇਪਨ ਵਿੱਚ ਡੁੱਬੀ ਹੋਈ ਵਿਖਾਈ ਦਿੰਦੀ ਹੈ:

*ਜੰਮੀ ਤਾਂ ਦਹਿਲੀਜ਼ ਦੇ ਉਸ ਪਾਰ ਸਾਂ*
*ਪਰ ਜੀਵੀ ਹਾਂ ਦਹਿਲੀਜ਼ਾਂ ਤੋਂ ਬਾਹਰ ।*
*ਕਾਸਾ ਫੜਿਆ ਰਿਹਾ ਹੱਥੀ*
*ਬਦਲੇ ਤਾਂ ਬਸ ਦਰ ।*
*ਫਿਰ ਸੜਕਾਂ-ਗਲੀਆਂ ਤੇ ਘਰਾਂ-ਦਰਾ ਚ*
*ਕੱਢੀ ਪੰਗਡੰਡੀ ਕੋਈ*
*ਤੇ ਬਣਾ ਲਿਆ ਇਕ ਟਿੱਲਾ ਆਪਣਾ।*
*ਕਰਦੀ ਹਾਂ ਯਾਤਰਾ ਰੋਜ਼*
*ਇਸ ਟਿੱਲੇ ਤੋਂ ਸੜਕਾਂ-ਗਲੀਆਂ ਤੇ ਘਰਾਂ-ਦਰਾ ਤੀਕ।*[6]

ਕਵਿੱਤਰੀ ਨੇ ਨਾਰੀ ਜਾਗਰੂਕਤਾ ਨੂੰ ਇੱਕ ਪ੍ਰਮੁੱਖ ਥੀਮ ਵਜੋਂ ਉਭਾਰਿਆ ਹੈ ਪਰ ਇਸ ਦੀ ਪ੍ਰਾਪਤੀ ਵਿੱਚ ਵਿਆਪਤ ਪਿੱਤਰੀ-ਸੱਤਾ ਇੱਕ ਮੁੱਖ ਅੜਿੱਕਾ ਬਣ ਕੇ ਸਾਹਮਣੇ ਆਉਂਦੀ ਹੈ। ਸਮਾਜਿਕ ਰੂੜ੍ਹੀਆਂ ਅਤੇ ਗੈਰ-ਵਾਜ਼ਬ ਰੀਤੀ-ਰਿਵਾਜਾਂ ਦਾ ਵਿਰੋਧ ਕਰਦੀ ਹੋਈ ਉਨ੍ਹਾਂ ਦੀਆਂ ਬੇੜੀਆਂ ਨੂੰ ਤੋੜਨ ਦਾ ਯਤਨ ਕਰਦੀ ਹੈ। ਇਸ ਦੇ ਬਾਵਜੂਦ ਔਰਤਾਂ ਦੀਆਂ ਸੀਮਾਵਾਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦੀਆਂ ਜੋ ਇਹ ਦਰਸਾਉਂਦਾ ਹੈ ਕਿ ਉਹ ਸਮਾਜਿਕ ਪੱਧਰ 'ਤੇ ਸੰਪੂਰਨ ਮੁਕਤੀ ਪ੍ਰਾਪਤ ਕਰਨ ਤੋਂ ਅਸਮਰੱਥ ਰਹਿੰਦੀਆਂ ਹਨ। ਇਹ ਸਥਿਤੀ ਨਾਰੀ ਨੂੰ ਲਗਾਤਾਰ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਉਸ ਦੀਆਂ ਅਧੂਰੀਆਂ ਇੱਛਾਵਾਂ ਸਿਰਫ਼ ਇੱਕ ਸੁਪਨਾ ਬਣ ਕੇ ਰਹਿ ਜਾਂਦੀਆਂ ਹਨ। ਇਸ ਦੇ ਬਾਵਜੂਦ ਕਵਿੱਤਰੀ ਆਪਣੀਆਂ ਰਚਨਾਵਾਂ ਰਾਹੀਂ ਔਰਤ ਜਾਤੀ ਨੂੰ ਦੱਬੀ-ਕੁਚਲੀ ਸ੍ਰੇਣੀ ਦੀ ਬਜਾਏ ਇੱਕ ਸ਼ਕਤੀਸ਼ਾਲੀ ਸਮੂਹ ਵਜੋਂ ਪੇਸ਼ ਕਰਦੀ ਹੈ। ਅਜੋਕੀ ਨਾਰੀ ਨੇ ਬੇਖੌਫ/ਸੁਤੰਤਰ ਹੋ ਕੇ ਇਕੱਲੇ ਤੁਰਨ ਦੀ ਕਲਾ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਹੈ ਅਤੇ ਉਹ ਆਪਣੇ ਫੈਸਲੇ ਖੁਦ ਲੈਣ ਦੇ ਸਮਰੱਥ ਹੈ। ਵਰਤਮਾਨ ਵਿੱਚ ਉਹ ਸਮਾਜਿਕ ਬੰਧਨਾਂ ਤੋਂ ਮੁਕਤ ਹੋ ਕੇ ਸਿਰਫ਼ ਆਪਣੇ ਹਿੱਤਾਂ ਬਾਰੇ ਸੋਚਦੀ ਹੈ ਅਤੇ ਮਾਨਸਿਕ ਸ਼ਾਂਤੀ ਦਾ ਅਨੁਭਵ ਕਰਦੀ ਹੈ। ਕਵਿੱਤਰੀ ਨੇ ਇਸ ਮੁਕਾਮ ਤੱਕ ਪਹੁੰਚਣ ਲਈ ਖੁਦ ਅਥਾਹ ਸੰਘਰਸ਼ ਕੀਤਾ ਹੈ ਜਿਸ ਕਾਰਨ ਉਹ ਸਮੁੱਚੀ ਨਾਰੀ ਜਾਤੀ ਦੇ ਸੰਘਰਸ਼ ਨੂੰ ਆਪਣੇ ਨਿੱਜੀ-ਅਨੁਭਵ ਨਾਲ ਜੋੜ ਕੇ ਦੇਖਦੀ ਹੈ। ਇਸ ਦੀ ਇੱਕ ਉੱਘੜਵੀਂ ਉਦਾਹਰਨ ਉਸਦੀ ਕਵਿਤਾ *'ਮਨਫ਼ੀ ਯਾਤਰਾ'* ਵਿੱਚ ਪ੍ਰਤੱਖ ਹੈ ਜੋ ਇਸ ਸਵੈ-ਉਥਾਨ ਦੀ ਪ੍ਰਕਿਰਿਆ ਨੂੰ ਦਰਸਾਉਂਦੀ ਹੈ:

*ਪਰ ਹੌਲੀ-ਹੌਲੀ ਆ ਹੀ ਗਈ ਏ ਬਾਹਰ*
*ਉਹ ਜਿਸ ਢਾਹ ਦਿੱਤੀਆਂ ਸਨ ਕੰਧਾਂ*
*ਪਰ ਫਸੇ ਰਹੇ ਪੈਰ ਉਹਦੇ*
*ਮਲ੍ਹਬੇ ਚ ਚਿਰਾਂ ਤੀਕ*
*ਤੇ ਹੌਲੀ-ਹੌਲੀ ਜਾਗ ਰਹੀ ਏ*
*ਇਹ*
*ਚਿਰਾਂ ਦੀ ਸੁੱਤੀ*
*ਜੋ ਤੁਰਦੀ ਏ ਬੇਖੌਫ਼*
*ਭਿੱਜਦੀ ਏ ਬੇਬਾਕ*[7]

*'ਪੀਂਘ'* ਕਾਵਿ-ਸੰਗ੍ਰਹਿ ਵਿੱਚ ਸਮਾਜਿਕ ਰਿਸ਼ਤਿਆਂ ਦੀ ਪੇਸ਼ਕਾਰੀ ਸਿਰਫ਼ ਸਤਹੀ ਨਹੀਂ, ਸਗੋਂ ਮਨੁੱਖੀ ਜੀਵਨ ਦੇ ਸਫ਼ਰ ਨੂੰ ਆਪਣੇ ਕਲੇਵਰ ਵਿੱਚ ਲੈਂਦੀ ਹੈ। ਜੀਵਨ ਦੇ ਆਰੰਭ ਤੋਂ ਅੰਤ ਤੱਕ ਰਿਸ਼ਤਿਆਂ ਦੇ ਬਦਲਦੇ ਰੂਪਾਂ ਦਾ ਇਹ ਯਥਾਰਥਕ ਚਿਤਰਣ ਇਸ ਰਚਨਾ ਦਾ ਮਹੱਤਵਪੂਰਨ ਪਹਿਲੂ ਹੈ। ਇੱਥੇ ਨਾਰੀ ਨੂੰ ਸਮਾਜਿਕ ਬੰਧਨਾਂ ਅੰਦਰ ਪੂਰਨ ਨਿਸ਼ਠਾ ਨਾਲ ਆਪਣੀਆਂ ਭੂਮਿਕਾਵਾਂ ਨਿਭਾਉਂਦਿਆਂ ਦਰਸਾਇਆ ਗਿਆ ਹੈ। ਹਾਲਾਂਕਿ ਮਾਂ, ਪਿਉ, ਭੈਣ-ਭਰਾਵਾਂ ਅਤੇ ਪਤੀ ਸਮੇਤ ਪਰਿਵਾਰਕ ਮੈਂਬਰਾਂ ਪ੍ਰਤੀ ਉਸ ਦੇ ਤਿਆਗ ਅਤੇ ਤਪੱਸਿਆ ਦੇ ਬਦਲੇ ਵਿੱਚ ਉਸ ਨੂੰ ਅਕਸਰ ਅਪਮਾਨ, ਵਿਤਕਰਾ, ਸੰਤਾਪ ਅਤੇ ਹੀਣਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਰਵਾਇਤੀ ਤੌਰ 'ਤੇ ਨਾਰੀ ਨੂੰ ਇਹਨਾਂ ਰਿਸ਼ਤਿਆਂ ਵਿੱਚ ਬੱਝ ਕੇ ਸੁਰੱਖਿਅਤ ਮੰਨਿਆ ਜਾਂਦਾ ਹੈ ਪਰ ਇਹ ਧਾਰਨਾ ਅਕਸਰ ਉਸ ਦੇ ਅੰਦਰੂਨੀ ਸੰਘਰਸ਼ਾਂ ਨੂੰ ਅਣ-ਦੇਖਿਆ ਕਰਦੀ ਹੈ। ਇਹ ਧਾਰਨਾਵਾਂ ਕੇਵਲ ਥੋਥੀਆਂ ਗੱਲਾਂ ਹੀ ਬਣ ਕੇ ਰਹਿ ਜਾਂਦੀਆਂ ਹਨ ਕਿਉਂਕੀ ਇਹ ਰਿਸ਼ਤੇ ਸ਼ੱਕ ,ਬੇਰੁਖੀ ਅਤੇ ਬੇਗਾਨੇਪਨ ਨਾਲ ਭਰੇ ਹੋਏ ਨਾਰੀ ਨੂੰ ਸਿਰਫ਼ ਜ਼ਖ਼ਮੀ ਹੀ ਨਹੀਂ ਕਰਦੇ ਸਗੋਂ ਉਸ ਦੀ ਕੋਮਲ ਆਤਮਾ ਨੂੰ ਅੰਦਰ ਤੱਕ ਝੰਜੋੜ ਦਿੰਦੇ ਹਨ। ਨਾਰੀ ਸਮਾਜਿਕ ਦਾਇਰੇ ਵਿੱਚ ਕੈਦ ਰਹਿੰਦੀ ਹੋਈ ਆਪਣੀਆਂ ਇੱਛਾਵਾਂ ਅਤੇ ਸੁਪਨਿਆਂ ਨੂੰ ਦਿਲ ਦੀਆਂ ਗਹਿਰਾਈਆਂ ਵਿੱਚ ਦਬਾ ਲੈਂਦੀ ਹੈ ਅਤੇ ਬਿਨਾਂ ਕੁਝ ਬੋਲੇ ਹਰ ਅੱਤਿਆਚਾਰ ਨੂੰ ਸਹਿਣ ਕਰਦੀ ਹੈ। ਇਸ ਤਰ੍ਹਾਂ ਅਜੋਕੀ ਨਾਰੀ ਅਹਿੱਲਿਆ ਅਤੇ ਸੀਤਾਂ ਵਾਂਗ ਤੋਹਮਤਾਂ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹੈ। ਅਜਿਹਾ ਜੀਵਨ ਇੱਕ ਨਾਰੀ ਲਈ ਕਬਰਸ਼ਤਾਨ ਤੋਂ ਵੱਧ ਕੇ ਕੁਝ ਨਹੀਂ ਹੁੰਦਾ। ਕਵਿਤਾ *'ਕਬਰਿਸਤਾਨ'* ਇਸੇ ਵਿਚਾਰ ਨੂੰ ਪ੍ਰਮੁੱਖਤਾ ਨਾਲ ਪੇਸ਼ ਕਰਦੀ ਹੈ:

*ਪੀ ਗਈ ਏ*
*ਹਰ ਮੋਹ-ਭੰਗ ਦਾ ਸਦਮਾ*
*ਤੇ ਕਰ ਲਿਆ ਏ ਉਸ ਨੇ*
*ਅਸ਼ੋਕ ਵਾਟਿਕਾ ਨੂੰ ਹੀ ਘਰ ਆਪਣਾ!*
*ਰੋਜ਼ ਮਰਦੀ ਏ*
*ਕਦੀ ਕੋਹੀ ਅੰਗ ਸੌਂਦੇ*
*ਕਦੀ ਕੋਈ ਨਾੜ ਸੌਂਦੀ ਏ*
*ਹੋ ਗਈ ਏ ਅਹਿਲਿਆ*
*ਪਤਾ ਨਹੀਂ ਕਿਸ ਰਾਮ ਨੂੰ ਉਡੀਕਦੀ?* [8]

ਕਵਿਤਾ *'ਸ਼ਹੁ ਦਰਿਆ ਦੇ ਆਰ-ਪਾਰ'* ਸਮਾਜਿਕ ਰਿਸ਼ਤਿਆਂ ਦੀ ਤ੍ਰਾਸਦੀ ਦਾ ਇੱਕ ਮੂਰਤ ਚਿੱਤਰ ਪੇਸ਼ ਕਰਦੀ ਹੈ। ਕਵਿੱਤਰੀ ਸਵੈ-ਸੰਬੋਧਨੀ ਅੰਦਾਜ਼ ਵਿੱਚ ਦੱਸਦੀ ਹੈ ਕਿ ਕਿਵੇਂ ਉਹ ਅਤੇ ਸਮਾਜਿਕ ਰਿਸ਼ਤੇ ਦੋਵੇਂ ਆਪਣੇ-ਆਪਣੇ ਦੁੱਖਾਂ ਦੀਆਂ ਪੋਟਲੀਆਂ ਚੁੱਕੀ ਸਮਾਜਿਕ ਬੰਧਨਾਂ ਦੇ ਦਰਿਆ ਦੇ ਪਾਰ ਖੜ੍ਹੇ ਹਨ। ਇਸ ਦਰਿਆ ਵਿੱਚ ਕਵਿੱਤਰੀ ਨੇ ਆਪਣੇ ਅਣਗਿਣਤ ਕਸ਼ਟਾਂ ਨੂੰ ਤਿਆਗ ਦਿੱਤਾ ਹੈ। ਮੈਂ ਦੀ ਭੂਮਿਕਾ ਰਾਹੀਂ ਉਹ ਪ੍ਰਗਟ ਕਰਦੀ ਹੈ ਕਿ ਇਹਨਾਂ ਰਿਸ਼ਤਿਆਂ ਨੇ ਕਦੇ ਉਸ ਨੂੰ ਸੁੱਖ

ਜਾਂ ਸਹਾਰਾ ਨਹੀਂ ਦਿੱਤਾ ਸਗੋਂ ਉਹਨਾਂ ਦੇ ਸੰਤਾਪ ਦੁੱਖ ਅਤੇ ਅਪਣੱਤ ਦੀ ਘਾਟ ਨੇ ਉਸਨੂੰ ਹਮੇਸ਼ਾ ਲਈ ਵੱਖ ਕਰ ਦਿੱਤਾ। ਆਪਣਾ ਵਜੂਦ ਤਿਆਗ ਕੇ ਵੀ ਰਿਸ਼ਤੇ ਉਸ ਤੋਂ ਵਿਮੁੱਖ ਖੜ੍ਹੇ ਹਨ ਜੋ ਕਿ ਨਾਰੀ ਦੀ ਰਿਸ਼ਤਿਆਂ ਵਿੱਚ ਨਿਰਾਸ਼ਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਸਮਾਜਿਕ ਰਿਸ਼ਤੇ ਕਾਨੂੰਨ ਅਤੇ ਨਿਯਮ ਮੁੱਖ ਤੌਰ 'ਤੇ ਮਰਦ-ਪ੍ਰਧਾਨ ਦ੍ਰਿਸ਼ਟੀਕੋਣ ਤੋਂ ਨਿਰਧਾਰਿਤ ਕੀਤੇ ਗਏ ਹਨ ਜਿੱਥੇ ਨਾਰੀ ਦੀ ਅਹਿਮੀਅਤ ਨਿਗੂਣੀ ਹੈ। ਮਰਦ ਨਾਰੀ ਨੂੰ ਸਿਰਫ਼ ਸਜਾਵਟ ਅਤੇ ਭੋਗ ਦੀ ਵਸਤੂ ਤੱਕ ਸੀਮਤ ਰੱਖਦਾ ਹੈ ਅਤੇ ਰਿਸ਼ਤਿਆਂ ਪ੍ਰਤੀ ਉਸ ਦੀ ਕਦਰ ਸਿਰਫ਼ ਲਿੰਗਕ ਘਮੰਡ ਤੱਕ ਹੀ ਸੀਮਿਤ ਹੈ। ਉਹ ਨਾਰੀ ਦੇ ਭਾਵੁਕ ਜਜ਼ਬਾਤਾਂ ਨਾਲ ਖੇਡਦਾ ਹੈ ਪਰ ਪਿਆਰ ਦੀ ਨਿਭਾਉਣੀ ਤੋਂ ਅਸਮਰੱਥ ਰਹਿੰਦਾ ਹੈ ਮਰਦ ਦਾ ਸੁਭਾਅ ਨਾਰੀ ਪ੍ਰਤੀ ਹਮੇਸ਼ਾ ਕਠੋਰ ਅਤੇ ਕਪਟੀ ਰਿਹਾ ਹੈ।

ਇਤਿਹਾਸਕ ਪ੍ਰਸੰਗ ਵਿੱਚ ਭਗਵਾਨ ਰਾਮ ਵਰਗੇ ਆਦਰਸ਼ ਮਰਦ ਪਾਤਰ ਵੀ ਸਮਾਜਿਕ ਬੰਧਨਾਂ ਦੀ ਪਾਲਣਾ ਕਰਦੇ ਹੋਏ ਨਾਰੀ 'ਤੇ ਅੱਤਿਆਚਾਰ ਕਰਦੇ ਪ੍ਰਤੀਤ ਹੁੰਦੇ ਹਨ। ਜਿੱਥੇ ਸੀਤਾ ਨੇ ਪਤਨੀ ਧਰਮ ਨਿਭਾਉਂਦਿਆਂ ਚੌਦਾਂ ਸਾਲ ਦਾ ਬਨਵਾਸ ਰਾਮ ਨਾਲ ਕੱਟਿਆ ਉੱਥੇ ਰਾਮ ਨੇ ਲੋਕਾਂ ਦੇ ਕਹਿਣ 'ਤੇ ਸੀਤਾ ਨੂੰ ਅਗਨੀ-ਪ੍ਰੀਖਿਆ ਦੇਣ ਲਈ ਮਜ਼ਬੂਰ ਕੀਤਾ। ਨਾਰੀ ਦੀ ਇਸ ਦੁੱਖਦਾਈ ਸਥਿਤੀ ਨੂੰ ਦੇਖਦਿਆਂ ਇੱਕ ਆਮ ਸਮਾਜਿਕ ਮਰਦ ਤੋਂ ਕਿਸੇ ਵੀ ਨਾਰੀ ਲਈ ਕੋਈ ਉਮੀਦ ਰੱਖਣੀ ਬੇਮਾਇਨੇ ਹੋ ਜਾਂਦੀ ਹੈ। ਇਸੇ ਸੰਦਰਭ ਵਿੱਚ ਡਾ. ਪਾਲ ਕੌਰ ਦੀ ਕਵਿਤਾ *'ਵਸੀਅਤਨਾਮਾ'* ਵੇਖੀ ਜਾ ਸਕਦੀ ਹੈ :

*ਅਜਿਹਾ ਰਾਮ*
*ਜਿਸ ਕੋਲ ਰਾਜ ਤਖ਼ਤ ਵੀ ਹੈ*
*ਖੜਾਵਾਂ ਵੀ ।*
*ਜਿਸ ਅੰਦਰ ਖੁਣਿਆ ਪਿਆ ਹੈ*
*ਹਰ ਰਿਸ਼ਤੇ ਦਾ ਅਹਿਸਾਸ....*
*ਖਾਮੋਸ਼ ਹੀ ਸਹੀ*
*ਪਰ ਪੁੱਗ ਪੁੱਗ ਜਾਂਦੇ ਨੇ ਬੋਲ।*[9]

ਇਨ੍ਹਾਂ ਰਿਸ਼ਤਿਆਂ ਵਿੱਚ ਨਾਰੀ ਦੀ ਆਪਣੀ ਹੋਂਦ ਗੁੰਮ ਹੋ ਜਾਂਦੀ ਹੈ ਅਤੇ ਉਹ ਸਮਾਜਿਕ ਮਾਪਦੰਡਾਂ ਤੇ ਪੂਰਾ ਉਤਰਨ ਦਾ ਯਤਨ ਕਰਦੀ ਹੈ। ਉਹ ਸਾਰੇ ਰਿਸ਼ਤਿਆਂ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਲਈ ਆਪਣੀਆਂ ਨਿੱਜੀ ਇੱਛਾਵਾਂ ਨੂੰ ਵੀ ਦਬਾ ਲੈਂਦੀ ਹੈ ਪਰ ਬਦਲੇ ਵਿੱਚ ਉਸ ਨੂੰ ਅਕਸਰ ਅਪਮਾਨ, ਵਿਤਕਰਾ ਅਤੇ ਨਮੋਸ਼ੀ ਹੀ ਪ੍ਰਾਪਤ ਹੁੰਦੀ ਹੈ।

ਉਪਰੋਕਤ ਵਿਵੇਚਣ ਤੋਂ ਸਪੱਸ਼ਟ ਹੈ ਕਿ ਕਵਿੱਤਰੀ ਨੇ ਇਨ੍ਹਾਂ ਮਰਦ-ਪ੍ਰਧਾਨ ਰਿਸ਼ਤਿਆਂ ਦੇ ਜਾਲ ਨੂੰ ਗਹਿਰਾਈ ਨਾਲ ਚਿਤਰਿਆ ਹੈ। ਉਸ ਨੇ ਰਿਸ਼ਤਾ-ਨਾਤਾ ਪ੍ਰਬੰਧ ਨੂੰ ਨਾਰੀ ਦ੍ਰਿਸ਼ਟੀਕੋਣ ਤੋਂ ਇੱਕ ਯਥਾਰਥਵਾਦੀ ਅਤੇ ਤਿੱਖੀ ਨਜ਼ਰ ਨਾਲ ਪੇਸ਼ ਕੀਤਾ ਹੈ ਜੋ ਸਮਾਜ ਵਿੱਚ ਨਾਰੀ ਦੀ ਸਥਿਤੀ ਦੇ ਗੁੰਝਲਦਾਰ ਪਹਿਲੂਆਂ ਨੂੰ ਉਜਾਗਰ ਕਰਦਾ ਹੈ। ਪਾਲ ਕੌਰ ਦੀ ਕਵਿਤਾ ਪੀੜ ਦਾ ਬਿਆਨ ਹੀ ਨਹੀਂ, ਸਗੋਂ ਇਹ ਉਸ ਵੇਦਨਾ ਨੂੰ ਜ਼ੁਬਾਨ ਦੇਣ ਦਾ ਯਤਨ ਹੈ ਜੋ ਸਦੀਆਂ ਤੋਂ ਔਰਤ ਅੰਦਰ ਦੱਬੀ ਹੋਈ ਹੈ। ਅਜੋਕਾ ਸਮਾਜ ਸਿੱਖਿਆ ਅਤੇ ਆਰਥਿਕ ਖੇਤਰਾਂ ਅੰਦਰ ਨਾਰੀ ਲਈ ਕਾਰਜ ਕਰ ਰਿਹਾ ਹੈ ਪਰ ਕੇਵਲ ਸਿੱਖਿਆ ਜਾਂ ਆਰਥਿਕ-ਸੁਤੰਤਰਤਾ ਹੀ ਸਮਾਜਿਕ ਬਦਲਾਅ ਲਈ ਕਾਫ਼ੀ ਨਹੀਂ, ਸਗੋਂ ਇਸ ਲਈ ਮਰਦ ਮਾਨਸਿਕਤਾ ਅਤੇ ਰਿਸ਼ਤਿਆਂ ਦੇ ਮਾਨਸਿਕ ਢਾਂਚੇ ਵਿੱਚ ਵੀ ਸਾਰਥਕ ਅਤੇ ਸਕਾਰਾਤਮਕ ਤਬਦੀਲੀ ਦੀ ਲੋੜ ਹੈ। ਇਹ ਤਬਦੀਲੀ ਹੀ ਨਾਰੀ ਨੂੰ ਸਮਾਜ ਅੰਦਰ ਬਣਦਾ ਸਕਾਰਾਤਮਕ ਅਤੇ ਸਮਾਨਤਾ ਦਾ ਸਥਾਨ ਦੇ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਪਾਲ ਕੌਰ (2007), ਪੀਂਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 55.*
2. *-ਉਹੀ-, ਪੰਨਾ: 12.*
3. *-ਉਹੀ-, ਪੰਨਾ: 100.*
4. *-ਉਹੀ-, ਪੰਨਾ: 21.*
5. *-ਉਹੀ-, ਪੰਨਾ: 27.*
6. *-ਉਹੀ-, ਪੰਨਾ: 31.*
7. *-ਉਹੀ-, ਪੰਨਾ: 35.*
8. *-ਉਹੀ-, ਪੰਨਾ: 52.*
9. *-ਉਹੀ-, ਪੰਨਾ: 61.*



### Cite this Article-

*ਰਾਣੀ ਦੇਵੀ (Rani devi), ਔਰਤ ਦੀ ਤ੍ਰਾਸ਼ਦਿਕ ਸਥਿਤੀ ਅਤੇ ਰਿਸ਼ਤਾ ਨਾਤਾ ਪ੍ਰਬੰਧ ਦੀ ਪੇਸ਼ਕਾਰੀ: 'ਪੀਂਘ' ਦੇ ਸੰਦਰਭ ਵਿੱਚ (Aurat Di Trasadik Sthiti Ate Rishta-Nata Prabandh Di Peshkari: 'Peengh' De Sandarbh Vich), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 96-99.*

*Journal URL:* www.armaan.org.in

*DOI:* https://doi.org/10.64119/armaan.vol.4.issue1.17



*This article is an open access article published under the terms and conditions of the Creative Commons Attribution (CC BY-NC 4.0) license.*
https://creativecommons.org/licenses/by-nc/4.0/